# ਈ-ਕੂੜੇ ਤੋਂ ਛੁਟਕਾਰਾ ਪਾਉਣਾ ਈ-ਜ਼ੀ (ਆਸਾਨ) ਹੈ

CITY OF Armadale

## ਇਹ ਈ-ਵ੍ਹੇਲ

**ਈ-ਕੂੜੇ ਨੂੰ ਤੁਹਾਡੇ ਹੱਥਾਂ ਵਿੱਚੋਂ (ਮੁਫ਼ਤ ਵਿੱਚ) ਲੈ ਲਵੇਗੀ!**



## ਲਿਟਰ ਲੀਗ

# ਕੂੜਾ-ਕਰਕਟ ਅਤੇ ਰੀਸਾਈਕਲਿੰਗ ਗਾਈਡ | 2025

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ- ਵੇਖਣ ਲਈ
armadale.wa.gov.au/waste-and-recycling ‘ਤੇ ਜਾਓ

# ਕੂੜਾ ਚੁੱਕੇ ਜਾਣ ਲਈ ਆਪਣੇ ਕੂੜੇਦਾਨਾਂ ਨੂੰ ਬਾਹਰ ਰੱਖਣਾ

ਕੂੜੇਦਾਨਾਂ ਨੂੰ ਆਪਣੇ ਕੂੜਾ ਚੁੱਕੇ ਜਾਣ ਵਾਲੇ ਦਿਨ ਸਵੇਰੇ 6 ਵਜੇ ਤੱਕ ਬਾਹਰ ਰੱਖੋ

ਹਰੇਕ ਕੂੜੇਦਾਨ ਦਾ ਵੱਧ ਤੋਂ ਵੱਧ ਭਾਰ 70 ਕਿਲੋਗ੍ਰਾਮ ਹੋ ਸਕਦਾ ਹੈ

ਕੂੜੇਦਾਨਾਂ ਦੇ ਸਾਹਮਣੇ ਗੱਡੀ ਪਾਰਕ ਨਾ ਕਰੋ ਅਤੇ ਲੇਨਵੇਅ ਖ਼ਾਲੀ ਰੱਖੋ

ਰੁੱਖਾਂ ਤੋਂ ਘੱਟੋ-ਘੱਟ **1 ਮੀਟਰ ਦੀ ਦੂਰੀ** 'ਤੇ ਰੱਖੋ ਅਤੇ ਰੁੱਖਾਂ ਦੀਆਂ ਟਾਹਣੀਆਂ ਹੇਠ ਨਾ ਰੱਖੋ

ਰੀਸਾਈਕਲ ਕਰਨ ਯੋਗ

ਕੂੜੇਦਾਨਾਂ ਵਿਚਕਾਰ **ਘੱਟੋ-ਘੱਟ 0.5 ਮੀਟਰ ਦੀ ਦੂਰੀ** ਰੱਖੋ

ਆਮ ਕੂੜਾ-ਕਰਕਟ

ਕਾਰਾਂ, ਡਾਕ ਵਾਲੇ ਡੱਬਿਆਂ ਅਤੇ ਵਾੜਾਂ ਆਦਿ ਤੋਂ ਘੱਟੋ-ਘੱਟ **1 ਮੀਟਰ ਦੂਰ** ਰੱਖੋ।

## ਮੇਰੇ ਕੂੜੇਦਾਨ ਹਰੇ ਹਨ ਤਾਂ ਕੀ ਮੈਂ ਅਜੇ ਵੀ ਉਹਨਾਂ ਦੀ ਵਰਤੋਂ ਕਰ ਸਕਦਾ/ਦੀ ਹਾਂ?

ਜਦੋਂ ਪੁਰਾਣੇ ਕੂੜੇਦਾਨਾਂ ਨੂੰ ਬਦਲੇ ਜਾਣ ਦੀ ਲੋੜ ਹੁੰਦੀ ਹੈ ਤਾਂ ਸਿਟੀ ਉਹਨਾਂ ਨੂੰ ਕਾਲੇ ਕੂੜੇਦਾਨਾਂ ਨਾਲ ਬਦਲਦਾ ਹੈ। ਇਹਨਾਂ ਨਵੇਂ ਕੂੜੇਦਾਨਾਂ ਵਿੱਚ 30% ਤੱਕ ਰੀਸਾਈਕਲ ਕੀਤਾ ਗਿਆ ਪਲਾਸਟਿਕ ਵਰਤਿਆ ਗਿਆ ਹੁੰਦਾ ਹੈ ਜੋ ਪੁਰਾਣੇ ਕੂੜੇਦਾਨਾਂ ਨੂੰ ਰੀਸਾਈਕਲਿੰਗ ਕਰਨ ਤੋਂ ਬਰਾਮਦ ਕੀਤਾ ਜਾਂਦਾ ਹੈ।

ਮੈਨੂੰ ਉਦੋਂ ਤੱਕ ਵਰਤਦੇ ਰਹੋ ਜਦੋਂ ਤੱਕ ਮੈਂ ਟੁੱਟ ਨਹੀਂ ਜਾਂਦਾ ਹਾਂ!

ਰੀਸਾਈਕਲ ਕਰਨ ਯੋਗ

ਆਮ ਕੂੜਾ-ਕਰਕਟ

## ਕੂੜੇਦਾਨ ਟੁੱਟ, ਗੁਆਚ ਜਾਂ ਚੋਰੀ ਹੋ ਗਿਆ ਹੈ?

ਸਿਟੀ ਦੀ ਵੇਸਟ ਸਰਵਿਸਿਜ਼ ਟੀਮ (City's Waste Services Team) ਨਾਲ **9394 5124** 'ਤੇ ਸੰਪਰਕ ਕਰੋ।

# 2025 ਦਾ ਰੀਸਾਈਕਲਿੰਗ ਕੈਲੰਡਰ

## ਜਨਵਰੀ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## ਫਰਵਰੀ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | | |

## ਮਾਰਚ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## ਅਪ੍ਰੈਲ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## ਮਈ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## ਜੂਨ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

## ਜੁਲਾਈ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

## ਅਗਸਤ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## ਸਤੰਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## ਅਕਤੂਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## ਨਵੰਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

## ਦਸੰਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

ਰੀਸਾਈਕਲਿੰਗ ਖੇਤਰ 1

ਰੀਸਾਈਕਲਿੰਗ ਖੇਤਰ 2

ਰੋਲੀਸਟੋਨ ਗ੍ਰੀਨ ਵੇਸਟ ਫੈਸਲਿਟੀ ਸ਼ਨੀ-ਐਤਵਾਰ

ਕੂੜਾ ਚੁੱਕਿਆ ਨਹੀਂ ਜਾਵੇਗਾ

25 ਸਰਕਾਰੀ ਛੁੱਟੀ

**ਕਿਰਪਾ ਕਰਕੇ ਮੁੱਖ ਸਰਕਾਰੀ ਛੁੱਟੀਆਂ ਵਾਲੇ ਦਿਨਾਂ ਦੇ ਕਾਰਨ ਕੂੜਾ ਚੁੱਕਣ ਦੇ ਦਿਨਾਂ ਵਿੱਚ ਹੇਠਾਂ ਦਿੱਤੀਆਂ ਤਬਦੀਲੀਆਂ ਵੱਲ ਧਿਆਨ ਦਿਓ:**

*ਬੁੱਧਵਾਰ 1 ਜਨਵਰੀ (ਨਵੇਂ ਸਾਲ ਵਾਲੇ ਦਿਨ) ਨੂੰ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ, ਕੂੜਾ ਵੀਰਵਾਰ 2 ਜਨਵਰੀ ਨੂੰ ਚੁੱਕਿਆ ਜਾਣਾ ਤਹਿ ਕੀਤਾ ਗਿਆ ਹੈ। ਇਸ ਤੋਂ ਬਾਅਦ, ਵੀਰਵਾਰ ਨੂੰ ਚੁੱਕਿਆ ਜਾਣ ਵਾਲਾ ਕੂੜਾ ਸ਼ੁੱਕਰਵਾਰ ਨੂੰ ਚੁੱਕਿਆ ਜਾਵੇਗਾ, ਅਤੇ ਸ਼ੁੱਕਰਵਾਰ ਨੂੰ ਚੁੱਕਿਆ ਜਾਣ ਵਾਲਾ ਕੂੜਾ ਸ਼ਨੀਵਾਰ ਨੂੰ ਚੁੱਕਿਆ ਜਾਵੇਗਾ।*

*ਸ਼ੁੱਕਰਵਾਰ 18 ਅਪ੍ਰੈਲ (ਗੁੱਡ ਫਰਾਈਡੇ) ਨੂੰ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ, ਕੂੜਾ ਸ਼ਨੀਵਾਰ 19 ਅਪ੍ਰੈਲ ਨੂੰ ਚੁੱਕਿਆ ਜਾਣਾ ਤਹਿ ਕੀਤਾ ਗਿਆ ਹੈ।*

*ਵੀਰਵਾਰ 25 ਦਸੰਬਰ (ਕ੍ਰਿਸਮਸ ਦਿਵਸ) ਨੂੰ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ, ਕੂੜਾ ਸ਼ੁੱਕਰਵਾਰ 26 ਦਸੰਬਰ ਨੂੰ ਚੁੱਕਿਆ ਜਾਣਾ ਤਹਿ ਕੀਤਾ ਗਿਆ ਹੈ। ਇਸ ਤੋਂ ਬਾਅਦ, ਸ਼ੁੱਕਰਵਾਰ ਨੂੰ ਚੁੱਕਿਆ ਜਾਣ ਵਾਲਾ ਕੂੜਾ ਸ਼ਨੀਵਾਰ ਨੂੰ ਚੁੱਕਿਆ ਜਾਵੇਗਾ।*

**www.armadale.wa.gov.au/my-waste-collection-day ‘ਤੇ ਤੁਹਾਡੇ ਕੂੜੇਦਾਨ ਚੁੱਕੇ ਜਾਣ ਦੇ ਦਿਨ, ਰੀਸਾਈਕਲਿੰਗ ਹਫ਼ਤਾ, ਅਤੇ ਸੜਕ ਕਿਨਾਰਿਓਂ ਕੂੜੇਦਾਨ ਚੁੱਕੇ ਜਾਣ ਦਾ ਜ਼ੋਨ ਲੱਭੋ।**

# ਆਮ ਕੂੜੇ ਵਾਲੇ ਕੂੜੇਦਾਨ ਨੂੰ ਚੁੱਕਣ ਤੋਂ ਬਾਅਦ ਮੇਰੇ ਕੂੜੇ ਦਾ ਕੀ ਹੁੰਦਾ ਹੈ?

ਵਸਨੀਕਾਂ ਦਾ ਬਚਿਆ ਕੂੜਾ-ਕਰਕਟ ਹੁਣ Kwinana Energy Recovery (ਕਵਿਨਾਨਾ ਐਨਰਜੀ ਰਿਕਵਰੀ) ਪਲਾਂਟ ਨੂੰ ਭੇਜਿਆ ਜਾਂਦਾ ਹੈ, ਜੋ ਆਸਟ੍ਰੇਲੀਆ ਦਾ ਆਪਣੀ ਕਿਸਮ ਦਾ ਪਹਿਲਾ ਪਲਾਂਟ ਹੈ। ਲੈਂਡਫਿਲ ਵਿੱਚ ਭੇਜੇ ਜਾਣ ਦੀ ਬਜਾਏ, ਇਸ ਕੂੜੇ ਦੀ ਵਰਤੋਂ ਇਲਾਕੇ ਵਿਚਲੇ 55,000 ਘਰਾਂ ਲਈ ਲੋੜੀਂਦੀ ਬਿਜਲੀ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਲੈਂਡਫਿਲ ਨੂੰ ਘਟਾਉਣਾ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਂਦਾ ਹੈ, ਅਤੇ ਪ੍ਰਕਿਰਿਆ ਤੋਂ ਪੈਦਾ ਹੋਏ ਉਪ-ਉਤਪਾਦਾਂ ਦੀ ਵਰਤੋਂ ਸੜਕ ਦੇ ਸਬ-ਬੇਸ ਅਤੇ ਬਿਲਡਿੰਗ ਬਲਾਕਾਂ ਵਰਗੀਆਂ ਸਮੱਗਰੀਆਂ ਵਿੱਚ ਕੀਤੀ ਜਾਂਦੀ ਹੈ।

**www.armadale.wa.gov.au/where-does-my-waste-go 'ਤੇ ਜਾ ਕੇ ਵਧੇਰੇ ਜਾਣੋ।**




# ਆਮ ਕੂੜੇ ਵਾਲਾ ਕੂੜੇਦਾਨ

**ਹਫ਼ਤਾਵਾਰੀ ਚੁੱਕਿਆ ਜਾਂਦਾ ਹੈ**




## ਮਹੱਤਵਪੂਰਨ ਜਾਣਕਾਰੀ

ਇਹ ਖ਼ਤਰਨਾਕ ਵਸਤੂਆਂ ਕਿਸੇ ਵੀ ਕੂੜੇਦਾਨ ਵਿੱਚ **ਨਹੀਂ ਜਾਂਦੀਆਂ ਹਨ**।

- **ਖ਼ਤਰਨਾਕ ਕੂੜਾ**
- **ਬੈਟਰੀਆਂ (ਸੈੱਲ)**
- **ਬਿਜਲੀ ਦਾ ਸਾਮਾਨ**
- **ਲਾਈਟ ਬੱਲਬ**
- **ਪੇਂਟ (ਰੰਗ)**
- **ਤੇਲ**

ਇਹਨਾਂ ਚੀਜ਼ਾਂ ਨੂੰ **ਆਰਮਾਡੇਲ ਲੈਂਡਫਿਲ ਅਤੇ ਰੀਸਾਈਕਲਿੰਗ ਸਹੂਲਤ** (Armadale Landfill and Recycling Facility) ਵਿੱਚ ਲੈ ਜਾਓ। ਹੋਰ ਡ੍ਰਾਪ ਆਫ਼ (ਕੂੜਾ-ਕਰਕਟ ਨਿਪਟਾਰਾ) ਟਿਕਾਣੇ ਲੱਭਣ ਲਈ, www.armadale.wa.gov.au/take 'ਤੇ ਜਾਓ।

# ਰੀਸਾਈਕਲਿੰਗ ਕੂੜੇਦਾਨ

**ਹਰ ਪੰਦਰਾਂ ਦਿਨਾਂ ਬਾਅਦ ਚੁੱਕਿਆ ਜਾਵੇਗਾ**

## ਰੀਸਾਈਕਲਿੰਗ ਕਰਨਾ ਆਸਾਨ ਹੈ: ਇਹ ਕੇਵਲ ਇਹ 5 ਚੀਜ਼ਾਂ ਹਨ...


ਕੈਨ
(ਟੀਨ ਦੇ ਡੱਬੇ)



ਕਾਗਜ਼


ਪਲਾਸਟਿਕ ਦੀਆਂ
ਬੋਤਲਾਂ ਅਤੇ ਡੱਬੇ


ਗੱਤੇ


ਕੱਚ ਦੇ ਜਾਰ ਅਤੇ
ਬੋਤਲਾਂ




### * ਯਾਦ ਰੱਖੋ

ਗੱਤੇ ਦੇ ਡੱਬਿਆਂ ਨੂੰ ਚਪਟਾ ਕਰੋ।

ਡੱਬੇ ਧੋਤੇ, ਖਾਲੀ, ਖੁੱਲ੍ਹੇ ਅਤੇ ਢੱਕਣ ਲਾਹੇ ਹੋਏ ਹੋਣ।

### ਇਹ ਚੀਜ਼ਾਂ ਰੀਸਾਈਕਲਿੰਗ ਕੂੜੇਦਾਨ ਲਈ ਨਹੀਂ ਹਨ

- ਖ਼ਤਰਨਾਕ ਕੂੜਾ-ਕਰਕਟ
- ਕੱਪੜੇ ਜਾਂ ਟੈਕਸਟਾਈਲ
- ਲਿਫ਼ਾਫ਼ੇ ਵਿੱਚ ਪਾਈਆਂ ਰੀਸਾਈਕਲ ਕਰਨ ਯੋਗ ਚੀਜ਼ਾਂ
- ਭੋਜਨ ਜਾਂ ਬਗੀਚੇ ਦੀ ਰਹਿੰਦ-ਖੂਹੰਦ
- ਨੈਪੀਆਂ
- ਨਰਮ ਪਲਾਸਟਿਕ

**ਆਪਣੇ ਕੂੜੇਦਾਨਾਂ ਦੀ ਸਹੀ ਵਰਤੋਂ ਕਰਨਾ**

# ਰੋਲੀਸਟੋਨ ਗ੍ਰੀਨ ਵੇਸਟ ਸਹੂਲਤ

ਰੋਲੀਸਟੋਨ ਗ੍ਰੀਨ ਵੇਸਟ ਸਹੂਲਤ (Roleystone Green Waste Facility) ਸਵੇਰੇ 8 ਵਜੇ ਤੋਂ ਸ਼ਾਮ 4.45 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ ਅਤੇ 2025 ਵਿੱਚ ਵਧੇਰੇ ਸ਼ਨੀ-ਐਤਵਾਰ ਵਾਲੇ ਦਿਨ ਖੋਲ੍ਹਣ ਦੀ ਅਜ਼ਮਾਇਸ਼ ਕੀਤੀ ਜਾ ਰਹੀ ਹੈ। ਸਾਰੇ ਨਿਵਾਸੀ ਰੋਲੀਸਟੋਨ ਗ੍ਰੀਨ ਵੇਸਟ ਫੈਸਿਲਿਟੀ, ਜੋ ਸਪ੍ਰਿੰਗਡੇਲ ਰੋਡ, ਰੋਲੀਸਟੋਨ ਵਿਖੇ ਸਥਿਤ ਹੈ, ਵਿੱਚ ਹਰੇ ਕੂੜੇ-ਕਰਕਟ ਦਾ ਨਿਪਟਾਰਾ ਕਰਨ ਦੇ ਯੋਗ ਹਨ।

**ਨੋਟ:** ਸਿਰਫ਼ ਰਿਹਾਇਸ਼ੀ ਮਾਤਰਾਵਾਂ ਵਿੱਚ। ਫ਼ੀਸਾਂ ਅਤੇ ਖ਼ਰਚੇ ਲਾਗੂ ਹੁੰਦੇ ਹਨ। ਸਿਟੀ ਆਫ਼ ਆਰਮਾਡੇਲ ਦੇ ਵਸਨੀਕ ਹੋਣ ਦਾ ਸਬੂਤ ਲੋੜੀਂਦਾ ਹੈ। ਪੌਲੀਫੈਗਸ ਸ਼ਾਟ-ਹੋਲ ਬੋਰਰ (PSHB) ਦੇ ਖ਼ਤਰੇ ਕਾਰਨ ਰੋਲੀਸਟੋਨ ਗ੍ਰੀਨ ਵੇਸਟੋ ਸਹੂਲਤ ਤੋਂ ਮਲਚ ਉਪਲਬਧ ਨਹੀਂ ਹੈ।

**ਖੁੱਲਣ ਦੇ ਸਮੇਂ ਅਤੇ ਹੋਰ ਜਾਣਕਾਰੀ ਲਈ ਇਸ ਵੈੱਬਸਾਈਟ ‘ਤੇ ਜਾਓ:**
**www.armadale.wa.gov.au/roleystone-green-waste-facility**

Department of
Primary Industries and
Regional Development
GOVERNMENT OF
WESTERN AUSTRALIA

# ਜੈਵ-ਸੁਰੱਖਿਆ ਚੇਤਾਵਨੀ: ਪੌਲੀਫੈਗਸ ਸ਼ਾਟ-ਹੋਲ ਬੋਰਰ




(*Euwallacea fornicatus*)

## ਸ਼ੱਕੀ PSHB ਨੁਕਸਾਨ ਦੀ ਰਿਪੋਰਟ ਕਰੋ

- PSHB ਦੇ ਲੱਛਣਾਂ ਦੀ ਮੌਜੂਦਗੀ ਦੇਖਣ ਲਈ ਆਪਣੇ ਦਰੱਖਤਾਂ ਨੂੰ ਜਾਂਚੋ
- ਕਿਸੇ ਵੀ ਸ਼ੱਕੀ ਚੀਜ਼ ਦੀ ਫ਼ੋਟੋ ਲਵੋ
- ਫ਼ੋਟੋ ਵਿੱਚ ਮਾਪ ਦੱਸਣ ਲਈ ਪੈੱਨ ਜਾਂ ਰੂਲਰ ਵਰਤੋਂ

### ਆਪਣੇ ਨਿਰੀਖਣਾਂ ਦੀ ਰਿਪੋਰਟ ਕਰੋ

Reporter

MyPetsGuide® ਰਿਪੋਰਟਰ ਐਪ ਰਾਹੀਂ ਜਾਂ ਔਨਲਾਈਨ
mypetsguide.agric.wa.gov.au 'ਤੇ ਜਾ ਕੇ


ਪਾਲਤੂ ਜਾਨਵਰ ਅਤੇ ਰੋਗ ਜਾਣਕਾਰੀ ਸੇਵਾ
(Pest and Disease Information Service)
08 9368 3080
padis@dpird.wa.gov.au

PF011-24 FEB 2024

# ਬੁੱਕ ਕੀਤੀ ਗਈ ਗੱਦਾ (ਮੈਟਰੈੱਸ) ਚੁੱਕਣ ਦੀ ਸੇਵਾ

ਸਿਟੀ ਘਰੇਲੂ ਕੂੜੇ ਦੇ ਖ਼ਰਚੇ ਦਾ ਭੁਗਤਾਨ ਕਰਨ ਵਾਲੀ ਹਰੇਕ ਰਿਹਾਇਸ਼ੀ ਜਾਇਦਾਦ ਲਈ ਪ੍ਰਤੀ ਵਿੱਤੀ ਸਾਲ ਇੱਕ ਵਾਰ ਦੋ ਗੱਦਿਆਂ ਤੱਕ ਨੂੰ ਚੁੱਕਣ ਦੀ ਸਹੂਲਤ ਪ੍ਰਦਾਨ ਕਰਦਾ ਹੈ

**www.armadale.wa.gov.au/booked-mattress-collection 'ਤੇ ਔਨਲਾਈਨ ਜਾਂ 9394 5444 'ਤੇ ਫ਼ੋਨ ਰਾਹੀਂ ਬੁੱਕ ਕਰੋ।** ਔਨਲਾਈਨ ਬੁਕਿੰਗ ਕਰਦੇ ਸਮੇਂ, ਜਦੋਂ ਤੁਸੀਂ ਆਪਣਾ ਸਿਟੀ ਆਫ਼ ਆਰਮਾਡੇਲ ਰਿਹਾਇਸ਼ੀ ਪਤਾ ਭਰਦੇ ਹੋ ਤਾਂ ਸਾਰੀਆਂ ਫ਼ੀਸਾਂ ਅਤੇ ਖ਼ਰਚੇ ਮਾਫ਼ ਕਰ ਦਿੱਤੇ ਜਾਣਗੇ।



**ਮੇਰੇ ਗੱਦੇ ਇਸ ਦਿਨ ਚੁੱਕੇ ਜਾਣ ਲਈ ਲਈ ਬੁੱਕ ਕੀਤੇ ਗਏ ਹਨ:**

# ਸੜਕ ਕਿਨਾਰਿਓਂ ਕੂੜੇਦਾਨ ਚੁੱਕਣਾ

ਸਿਟੀ ਘਰੇਲੂ ਕੂੜੇ ਦੇ ਖ਼ਰਚੇ ਦਾ ਭੁਗਤਾਨ ਕਰਨ ਵਾਲੀ ਹਰੇਕ ਰਿਹਾਇਸ਼ੀ ਜਾਇਦਾਦ ਲਈ ਪ੍ਰਤੀ ਸਾਲ ਇੱਕ ਵੱਧ ਮਾਤਰਾ ਵਿੱਚ ਕੂੜਾ ਚੁੱਕਣ ਅਤੇ ਦੋ ਵਾਰ ਬਗੀਚੇ ਦੇ ਕੂੜੇ ਨੂੰ ਸੜਕ ਕਿਨਾਰਿਓਂ ਚੁੱਕਣ ਦੀ ਸਹੂਲਤ ਦਿੰਦਾ ਹੈ। ਸੜਕ ਕਿਨਾਰਿਓਂ ਕੂੜੇਦਾਨ ਚੁੱਕਣ ਦੀਆਂ ਆਪਣੀਆਂ ਸਾਲ 2025 ਦੀਆਂ ਤਾਰੀਖਾਂ ਦੇਖਣ ਲਈ ਇਸ QR ਕੋਡ ਨੂੰ ਸਕੈਨ ਕਰੋ।

**ਸੜਕ ਕਿਨਾਰਿਓਂ ਕੂੜੇਦਾਨ ਚੁੱਕਣ ਲਈ ਕੋਈ ਥਾਂ ਉਪਲਬਧ ਨਹੀਂ ਹੈ?** www.armadale.wa.gov.au/verge-collections **'ਤੇ ਉਪਲਬਧ "ਬਦਲਵੇਂ ਸਥਾਨ ਤੋਂ ਕੂੜਾ ਚੁੱਕਣ ਲਈ ਨਾਮਜ਼ਦਗੀ** (Nomination of Alternative Collection Location)" **ਫਾਰਮ ਨੂੰ ਭਰ ਕੇ ਕਿਸੇ ਹੋਰ ਸਥਾਨ ਨੂੰ ਰਜਿਸਟਰ ਕਰੋ।**


### ਨੋਟਿਸ

**ਜਦੋਂ ਵਸਤੂਆਂ ਕਿਸੇ ਵੀ ਸੇਵਾਵਾਂ, ਜਾਲੀ, ਨਕਲੀ ਘਾਹ, ਕੰਧਾਂ, ਲੈਟਰਬੌਕਸ ਜਾਂ ਹੋਰ ਢਾਂਚੇ 'ਤੇ ਜਾਂ ਨੇੜੇ ਰੱਖੀਆਂ ਜਾਂਦੀਆਂ ਹਨ ਤਾਂ ਸਿਟੀ ਸੰਪਤੀ ਦੇ ਨੁਕਸਾਨ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ ਹੈ।**

**ਪੂਰੇ ਨਿਯਮਾਂ ਅਤੇ ਸ਼ਰਤਾਂ ਅਤੇ ਮੌਜੂਦਾ ਸੜਕ ਕਿਨਾਰਿਓਂ ਕੂੜੇਦਾਨ ਚੁੱਕਣ ਦੀ ਸਮਾਂ-ਸੂਚੀ ਲਈ ਸਿਟੀ ਦੀ ਵੈੱਬਸਾਈਟ 'ਤੇ ਸੜਕ ਕਿਨਾਰਿਓਂ ਕੂੜੇਦਾਨ ਚੁੱਕਣਾ ਪੰਨੇ 'ਤੇ ਜਾਓ।**

ਮੈਂ ਇਸ ਜ਼ੋਨ ਵਿੱਚ ਹਾਂ

www.armadale.wa.gov.au/my-waste-collection-day **'ਤੇ ਤੁਹਾਡੇ ਕੂੜੇਦਾਨ ਚੁੱਕੇ ਜਾਣ ਦੇ ਦਿਨ, ਰੀਸਾਈਕਲਿੰਗ ਹਫ਼ਤਾ, ਅਤੇ ਸੜਕ ਕਿਨਾਰਿਓਂ ਕੂੜੇਦਾਨ ਚੁੱਕੇ ਜਾਣ ਦਾ ਜ਼ੋਨ ਲੱਭੋ**




# ਬਗੀਚੇ ਦੇ ਕੂੜੇ-ਕਰਕਟ ਨੂੰ ਕਿਨਾਰੇ ਤੋਂ ਚੁੱਕਣਾ

## ਕੀ ਚੁੱਕਿਆ ਜਾਵੇਗਾ

**ਰੁੱਖ ਅਤੇ ਝਾੜੀਆਂ ਦੀ ਕਾਂਟ-ਛਾਂਟ:**

- ✓ 1.5 ਮੀਟਰ ਦੀ ਲੰਬਾਈ ਤੱਕ।
- ✓ 150 ਮਿ.ਮੀ (6 ਇੰਚ) ਦਾ ਵਿਆਸ।
- ✓ 4.5 ਕਿਊਬਿਕ ਮੀਟਰ (ਲਗਭਗ 3 ਟ੍ਰੇਲਰਾਂ ਦਾ ਲੋਡ)।

ਹਰੇ ਕੂੜੇ ਨੂੰ ਚੁੱਕੇ ਜਾਣ ਦੀ ਸ਼ੁਰੂਆਤੀ ਮਿਤੀ ਤੋਂ 2 ਦਿਨ ਪਹਿਲਾਂ ਤੱਕ ਸੜਕ ਕਿਨਾਰੇ 'ਤੇ ਰੱਖਿਆ ਜਾ ਸਕਦਾ ਹੈ। 2025 ਲਈ ਆਪਣੇ ਹਰੇ ਕੂੜੇ ਨੂੰ ਸੜਕ ਕਿਨਾਰਿਓਂ ਚੁੱਕੇ ਜਾਣ ਦੀਆਂ ਤਾਰੀਖਾਂ ਦੇਖਣ ਲਈ ਇਸ QR ਕੋਡ ਨੂੰ ਸਕੈਨ ਕਰੋ।



**ਚੇਤਾਵਨੀ -** ਅੱਗ ਬਾਲਣ 'ਤੇ ਪੂਰਨ ਪਾਬੰਦੀ (Total Fire Ban) ਦੀ ਸਥਿਤੀ ਵਿੱਚ ਕੂੜੇ-ਕਰਕਟ ਨੂੰ ਚੁੱਕਣਾ ਉਦੋਂ ਤੱਕ ਮੁਅੱਤਲ ਕੀਤਾ ਜਾ ਸਕਦਾ ਹੈ ਜਦੋਂ ਤੱਕ ਇਹ ਪਾਬੰਦੀ ਚੁੱਕ ਨਹੀਂ ਲਈ ਜਾਂਦੀ ਹੈ।


## ਕੀ ਨਹੀਂ ਚੁੱਕਿਆ ਜਾਵੇਗਾ

- ✗ ਪੱਤਿਆਂ ਜਾਂ ਕੱਟੇ ਹੋਏ ਘਾਹ ਦੇ ਡੱਬੇ ਜਾਂ ਬੈਗ।
- ✗ ਪੁੱਟਿਆ ਹੋਇਆ ਲਾਅਨ, ਰੇਤ ਜਾਂ ਮਿੱਟੀ।
- ✗ (1.5 ਮੀਟਰ ਤੋਂ ਵੱਧ) ਲੰਬੀਆਂ ਟਾਹਣੀਆਂ ।
- ✗ ਬਗੀਚੇ ਵਿੱਚ ਵਰਤੇ ਜਾਣ ਵਾਲੇ ਰਸਾਇਣ, ਗਮਲੇ ਜਾਂ ਜਾਲੀਆਂ।
- ✗ ਆਮ ਕੂੜਾ।
- ✗ ਚੀਰੀ ਹੋਈ ਅਤੇ ਰਸਾਇਣ ਮਿਲਾਈ ਹੋਈ ਲੱਕੜ।
- ✗ ਹਰਾ ਕੂੜਾ-ਕਰਕਟ ਜੋ ਬੰਨ੍ਹਿਆ ਹੋਇਆ ਹੁੰਦਾ ਹੈ, ਜਾਂ ਸੇਵਾਵਾਂ, ਜਾਲੀਆਂ, ਕੰਧਾਂ ਜਾਂ ਢਾਂਚਿਆਂ ਦੇ ਨੇੜੇ ਰੱਖਿਆ ਹੁੰਦਾ ਹੈ।
- ✗ ਖ਼ਾਲੀ ਜ਼ਮੀਨ ਜਾਂ ਪਬਲਿਕ ਰਿਜ਼ਰਵ 'ਤੇ ਰੱਖਿਆ ਹਰਾ ਕੂੜਾ।



ਮੈਂ ਇਸ ਜ਼ੋਨ ਵਿੱਚ ਹਾਂ

www.armadale.wa.gov.au/my-waste-collection-day 'ਤੇ ਤੁਹਾਡੇ ਕੂੜੇਦਾਨ ਚੁੱਕੇ ਜਾਣ ਦੇ ਦਿਨ, ਰੀਸਾਈਕਲਿੰਗ ਹਫ਼ਤਾ, ਅਤੇ ਸੜਕ ਕਿਨਾਰਿਓਂ ਕੂੜੇਦਾਨ ਚੁੱਕੇ ਜਾਣ ਦਾ ਜ਼ੋਨ ਲੱਭੋ।




# ਵੱਧ ਮਾਤਰਾ ਵਿੱਚ ਸੜਕ ਕਿਨਾਰੇ ਤੋਂ ਕੂੜਾ ਚੁੱਕਣਾ

## ਕਿਰਪਾ ਕਰਕੇ ਇਹ ਕਰੋ

- ✓ ਨਿਰਧਾਰਤ ਸ਼ਨੀ-ਐਤਵਾਰ ਵਾਲੇ ਦਿਨ ਕੂੜੇ-ਕਰਕਟ ਨੂੰ ਆਪਣੇ ਸੜਕ ਕਿਨਾਰੇ 'ਤੇ ਚੰਗੀ ਤਰ੍ਹਾਂ ਰੱਖੋ।
- ✓ ਚੁੱਕੇ ਜਾਣ ਲਈ 10 ਕੰਮਕਾਜੀ ਦਿਨਾਂ ਦਾ ਸਮਾਂ ਦਿਓ।
- ✓ ਆਪਣੇ ਢੇਰ ਦੀ ਜਾਂਚ ਕਰਦੇ ਰਹੋ ਕਿਉਂਕਿ ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਵੱਧ ਮਾਤਰਾ ਵਿੱਚ ਕੂੜਾ ਚੁੱਕੇ ਜਾਣ ਤੱਕ ਸਾਫ਼-ਸੁਥਰੇ ਤਰੀਕੇ ਨਾਲ ਪਿਆ ਰਹੇ।
- ✓ ਜੇ ਤੇਜ਼ ਹਵਾਵਾਂ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ, ਜਾਂ ਗੰਭੀਰ ਮੌਸਮ ਦੀ ਚੇਤਾਵਨੀ ਜਾਰੀ ਕੀਤੀ ਜਾਂਦੀ ਹੈ ਤਾਂ ਵੱਧ ਮਾਤਰਾ ਵਿੱਚ ਕੂੜੇ ਨੂੰ ਆਪਣੀ ਜਾਇਦਾਦ 'ਤੇ ਸੰਭਾਲੋ।


## ਕਿਰਪਾ ਕਰਕੇ ਇਹ ਨਾ ਕਰੋ

- ✗ ਆਪਣਾ ਵੱਧ ਮਾਤਰਾ ਕੂੜਾ ਕਿਸੇ ਹੋਰ ਦੇ ਕਿਨਾਰੇ 'ਤੇ ਨਾ ਰੱਖੋ ਕਿਉਂਕਿ ਇਹ ਖ਼ਾਲੀ ਜ਼ਮੀਨ ਜਾਂ ਪਬਲਿਕ ਰਿਜ਼ਰਵ ਤੋਂ ਨਹੀਂ ਚੁੱਕਿਆ ਜਾਵੇਗਾ।
- ✗ ਫੁੱਟਪਾਥ ਜਾਂ ਪੈਦਲ ਚੱਲਣ ਵਾਲਿਆਂ, ਸਾਈਕਲ ਸਵਾਰਾਂ ਅਤੇ ਕਾਰਾਂ ਲਈ ਦੇਖਣ ਵਿੱਚ ਰੁਕਾਵਟ ਨਾ ਪਾਓ।
- ✗ ਵੱਧ ਮਾਤਰਾ ਕੂੜੇ ਦੀ ਮੰਨਜ਼ੂਰ ਮਾਤਰਾ ਤੋਂ ਵੱਧ ਨਾ ਰੱਖੋ।
- ✗ ਵਸਤੂਆਂ ਨੂੰ ਸੇਵਾਵਾਂ, ਜਾਲੀਆਂ, ਕੰਧਾਂ, ਲੈਟਰਬੌਕਸ ਜਾਂ ਹੋਰ ਢਾਂਚੇ ਦੇ ਨੇੜੇ ਨਾ ਰੱਖੋ।

## ਕੀ ਨਹੀਂ ਚੁੱਕਿਆ ਜਾਵੇਗਾ

- ✗ ਕੱਚ, ਸ਼ੀਸ਼ੇ, ਜਾਂ ਸ਼ਾਵਰ ਸਕਰੀਨਾਂ।
- ✗ ਟਾਇਰ ਜਾਂ ਮੋਟਰ ਵਾਹਨ ਦੇ ਪੁਰਜ਼ੇ।
- ✗ ਟੀ.ਵੀ., ਕੰਪਿਊਟਰ ਅਤੇ ਪ੍ਰਿੰਟਰ।
- ✗ ਗੱਦੇ।
- ✗ ਬੀਨ ਬੈਗ।
- ✗ ਸਾਰੀ ਉਸਾਰੀ ਸਮੱਗਰੀ, ਇੱਟਾਂ, ਪੱਥਰ, ਟਾਇਲਾਂ, ਟਾਇਲਟ, ਕੰਕਰੀਟ, ਤਾਰਾਂ, ਰੇਤ ਜਾਂ ਸੀਮਿੰਟ।
- ✗ ਐਸਬੈਸਟਸ ਜਾਂ ਹੋਰ ਰੇਸ਼ੇਦਾਰ ਸੀਮਿੰਟ ਉਤਪਾਦ।
- ✗ ਬਗ਼ੀਚੇ ਜਾਂ ਭੋਜਨ ਦੀ ਰਹਿੰਦ-ਖੂੰਹਦ।
- ✗ ਅੱਗ ਬੁਝਾਉਣ ਵਾਲੇ ਯੰਤਰ, EPIRB ਜਾਂ ਫਲੇਅਰ।
- ✗ ਖ਼ਤਰਨਾਕ ਕੂੜਾ ਜਿਵੇਂ ਕਿ ਰਸਾਇਣ, ਤੇਲ, ਪੇਂਟ, ਕੀਟਨਾਸ਼ਕ, ਘੋਲਕ, ਬੈਟਰੀਆਂ, ਗੈਸ ਦੀਆਂ ਬੋਤਲਾਂ ਜਾਂ ਸਮੋਕ ਡਿਟੈਕਟਰ।
- ✗ 1.8 ਮੀਟਰ ਤੋਂ ਵੱਧ ਲੰਬਾਈ ਵਾਲੀਆਂ ਚੀਜ਼ਾਂ।
- ✗ ਅਣਛਾਂਟਿਆ ਹੋਇਆ ਵੱਧ ਮਾਤਰਾ ਵਿੱਚ ਕੂੜਾ।

ਨਾ ਚੁੱਕੀਆਂ ਗਈਆਂ ਚੀਜ਼ਾਂ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਹਟਾਉਣਾ ਲਾਜ਼ਮੀ ਹੈ। ਆਪਣੇ ਲੈਟਰਬਾਕਸ ਵਿੱਚ ਨੋਟਿਸ ਦੇਖੋ।



## ਜੇ ਇਹ ਅਜੇ ਵੀ ਵਰਤੀ ਜਾ ਸਕਦੀ ਹੈ, ਤਾਂ ਇਹ ਕੂੜੇਦਾਨ ਵਿੱਚ ਸੁੱਟਣ ਲਈ ਨਹੀਂ ਹੈ







ਅੱਜ ਹੀ ਆਰਮਾਡੇਲ ਲੈਂਡਫਿਲ ਅਤੇ ਰੀਸਾਈਕਲਿੰਗ ਸਹੂਲਤ ਦੇ ਪ੍ਰਵੇਸ਼ ਦੁਆਰ 'ਤੇ ਸਥਿਤ, ਡਰੌਪ 'ਐਨ' ਸ਼ੌਪ  ਦੁਕਾਨ 'ਤੇ ਚੱਕਰ ਮਾਰੋ ਜਿੱਥੇ ਬਹੁਤ ਸਾਰੀ ਕਿਸਮ ਦਾ ਘਰੇਲੂ ਸਮਾਨ ਤੁਹਾਨੂੰ ਸਸਤੇ ਭਾਅ 'ਤੇ ਮਿਲੇਗਾ।

**ਖੁੱਲਣ ਦਾ ਸਮਾਂ**

ਵੀਰਵਾਰ ਸਵੇਰੇ 10.00 ਵਜੇ - ਦੁਪਿਹਰ 2.00 ਵਜੇ ਤੱਕ
ਸ਼ੁੱਕਰਵਾਰ ਸਵੇਰੇ 8.30 ਵਜੇ - ਸ਼ਾਮ 4.30 ਵਜੇ ਤੱਕ
ਸ਼ਨੀਵਾਰ ਸਵੇਰੇ 8.30 ਵਜੇ - ਸ਼ਾਮ 4.30 ਵਜੇ ਤੱਕ
ਐਤਵਾਰ ਸਵੇਰੇ 8.30 ਵਜੇ - ਸ਼ਾਮ 4.00 ਵਜੇ ਤੱਕ

**ਡਰੌਪ 'ਐਨ' ਸ਼ੌਪ ਪਹਿਲਾਂ ਵਰਤੇ ਜਾ ਚੁੱਕੇ ਸਾਮਾਨ ਲਈ ਇੱਕ ਕਮਿਊਨਿਟੀ ਕਲੈਕਸ਼ਨ ਹੱਬ ਹੈ। www.armadale.wa.gov.au/drop-n-shop-reuse-centre 'ਤੇ ਜਾ ਕੇ ਪਤਾ ਕਰੋ ਕਿ ਕਿਹੜੀਆਂ ਚੀਜ਼ਾਂ ਸਵੀਕਾਰ ਕੀਤੀਆਂ ਜਾਂਦੀਆਂ ਹਨ।**

## ਸਾਰੀਆਂ ਚੀਜ਼ਾਂ ਤੁਹਾਡੇ ਸੜਕ ਕਿਨਾਰੇ ਰੱਖੇ ਜਾਣ ਵਾਲੇ ਕੂੜੇਦਾਨ ਵਿੱਚ ਨਹੀਂ ਜਾ ਸਕਦੀਆਂ ਹਨ




ਆਰਮਾਡੇਲ ਵਿੱਚ, ਅਸੀਂ ਖ਼ਤਰਨਾਕ ਕੂੜੇ ਨੂੰ **Armadale Landfill and Recycling Facility** ਵਿੱਚ ਲੈ ਜਾਂਦੇ ਹਾਂ

ਬਗ਼ੈਰ ਕਿਸੇ ਖ਼ਰਚੇ ਦੇ ਪ੍ਰਤੀ ਫੇਰੀ **100 ਲੀਟਰ ਪੇਂਟ** ਦਾ ਨਿਪਟਾਰਾ ਕਰੋ।




**ਘਰੇਲੂ ਖ਼ਤਰਨਾਕ ਕੂੜਾ-ਕਰਕਟ ਪ੍ਰੋਗਰਾਮ (Household Hazardous Waste)** ਬਗ਼ੈਰ ਕਿਸੇ ਖ਼ਰਚੇ ਦੇ ਪਰਿਵਾਰਾਂ ਤੋਂ ਪ੍ਰਤੀ ਸਮੱਗਰੀ ਕਿਸਮ 20 ਕਿਲੋ ਜਾਂ ਲੀਟਰ ਤੱਕ ਸਵੀਕਾਰ ਕਰਦਾ ਹੈ

ਪੱਕਾ ਨਹੀਂ ਪਤਾ ਕਿ ਕਿਸੇ ਵਿਸ਼ੇਸ਼ ਚੀਜ਼ ਨਾਲ ਕੀ ਕਰਨਾ ਹੈ? ਸਾਡੀ ਨਵੀਂ **A-to-Z ਵੇਸਟ ਗਾਈਡ** ਨੂੰ ਔਨਲਾਈਨ ਦੇਖੋ!

### ਰੀਸਾਈਕਲਿੰਗ ਹੱਬ ਵਿਖੇ ਰੀਸਾਈਕਲ ਕਰੋ

ਬਹੁਤ ਸਾਰੇ ਆਰਮਾਡੇਲ ਨਿਵਾਸੀ ਘਰੇਲੂ ਬੈਟਰੀਆਂ, ਘਰੇਲੂ ਲਾਈਟ ਬੱਲਬਾਂ, ਪ੍ਰਿੰਟਰ ਕਾਰਟਰਿਜਾਂ ਅਤੇ ਐਰੋਸੋਲ ਕੈਨਾਂ ਨੂੰ ਰੀਸਾਈਕਲਿੰਗ ਲਈ ਆਪਣੇ ਸਥਾਨਕ ਰੀਸਾਈਕਲਿੰਗ ਹੱਬ ਵਿੱਚ ਲੈ ਜਾਂਦੇ ਹਨ। ਹੋਰ ਜਾਣਨ ਲਈ **www.armadale.wa.gov.au/take** 'ਤੇ ਜਾਓ

# Armadale Landfill and Recycling Facility

145 Hopkinson Road, Hilbert WA 6112
(Gloaming Way ਦੇ ਗੋਲ ਚੱਕਰ ਤੋਂ ਪ੍ਰਵੇਸ਼)

**7 ਦਿਨ ਖੁੱਲ੍ਹਾ* ਸਵੇਰੇ 8.00 ਵਜੇ - ਸ਼ਾਮ 4.45 ਵਜੇ ਤੱਕ**

*ਨਵੇਂ ਸਾਲ, ਗੁੱਡ ਫਰਾਈਡੇ ਅਤੇ ਕ੍ਰਿਸਮਿਸ ਦੇ ਦਿਨ ਬੰਦ ਹੁੰਦਾ ਹੈ। ਕ੍ਰਿਸਮਸ ਤੋਂ ਪਹਿਲਾਂ ਦੀ ਸ਼ਾਮ ਅਤੇ ਨਵੇਂ ਸਾਲ ਤੋਂ ਪਹਿਲਾਂ ਦੀ ਸ਼ਾਮ ਨੂੰ ਦੁਪਹਿਰੇ ਬੰਦ ਹੋ ਜਾਂਦਾ ਹੈ। ਬਹੁਤ ਜ਼ਿਆਦਾ ਖ਼ਰਾਬ ਮੌਸਮ ਵਿੱਚ ਬੰਦ ਹੋ ਸਕਦਾ ਹੈ।




## ਰੀਸਾਈਕਲ ਕਰਨ ਯੋਗ ਅਤੇ ਹੋਰ ਸਮੱਗਰੀਆਂ ਨੂੰ ਸਹੂਲਤ ਵਿੱਚ ਛੱਡੋ: ਉਹ ਤੁਹਾਡੇ ਸੜਕ ਕਿਨਾਰੇ ਰੱਖੇ ਜਾਣ ਵਾਲੇ ਕੂੜੇਦਾਨ ਵਿੱਚ ਨਹੀਂ ਜਾਂਦੀਆਂ ਹਨ।

### ਆਪਣਾ ਕੂੜਾ ਛਾਂਟੋ

**ਰੀਸਾਈਕਲਿੰਗ** ਮੁਫ਼ਤ

ਕੱਚ ਦੀਆਂ ਬੋਤਲਾਂ, ਸਟੀਲ ਅਤੇ ਐਲੁਮੀਨੀਅਮ ਦੇ ਕੈਨ, ਚਪਟੇ ਕੀਤੇ ਗੱਤੇ ਅਤੇ ਪੋਲੀਸਟੀਰੀਨ।

**ਘਰੇਲੂ ਖ਼ਤਰਨਾਕ ਕੂੜਾ-ਕਰਕਟ** ਮੁਫ਼ਤ (ਸੀਮਾਵਾਂ ਲਾਗੂ ਹੁੰਦੀਆਂ ਹਨ)

ਗੈਸ ਦੀਆਂ ਬੋਤਲਾਂ, ਪੇਂਟ, ਫਲੋਰੋ ਬੱਲਬ/ਟਿਊਬਾਂ, ਬੈਟਰੀਆਂ, ਮੋਟਰ ਆਇਲ, ਸਮੋਕ ਡਿਟੈਕਟਰ, ਇਲੈਕਟ੍ਰਾਨਿਕ ਕੂੜਾ ਅਤੇ ਘਰੇਲੂ ਰਸਾਇਣ।

**ਧਾਤ ਦਾ ਕੂੜਾ-ਕਰਕਟ** ਮੁਫ਼ਤ

ਸਕ੍ਰੈਪ ਮੈਟਲ, ਬਿਜਲੀ 'ਤੇ ਚੱਲਣ ਵਾਲੇ ਉਪਕਰਨ, ਵਾੜ, ਸ਼ੀਟ ਮੈਟਲ, ਕਾਰ ਦੇ ਪੁਰਜ਼ੇ, ਸਾਈਕਲ ਅਤੇ ਲਾਅਨ ਮੋਵਰ।

**ਬਗ਼ੀਚੇ ਦਾ ਕੂੜਾ**

ਰੁੱਖ ਅਤੇ ਝਾੜੀਆਂ ਦੀ ਕਾਂਟ-ਛਾਂਟ, 300 ਮਿਲੀਮੀਟਰ ਤੱਕ ਵਿਆਸ ਦੇ ਤਣੇ, ਘਾਹ ਦੀ ਕਾਂਟ-ਛਾਂਟ ਅਤੇ ਪੱਤੇ।

**ਬਿਲਡਿੰਗ ਕੂੜਾ**

ਲੱਕੜ, ਇੱਟਾਂ ਦਾ ਮਲਬਾ, ਫਾਈਬਰ ਸ਼ੀਟਾਂ ਅਤੇ ਰੇਤ (ਵੱਖ ਕੀਤੇ ਜਾਣੇ ਲਾਜ਼ਮੀ ਹਨ)।

**ਛਾਂਟੀ ਕੀਤਾ ਹੋਇਆ ਕੂੜਾ**

ਟੁੱਟੀਆਂ ਹੋਈਆਂ ਵਸਤੂਆਂ ਜਿਨ੍ਹਾਂ ਨੂੰ ਮੁੜ ਵਰਤਿਆ, ਰੀਸਾਈਕਲ ਜਾਂ ਕੰਪੋਸਟ ਨਹੀਂ ਕੀਤਾ ਜਾ ਸਕਦਾ ਹੈ।




5 ਕਿਲੋ ਤੱਕ ਐਸਬੈਸਟਸ ਨੂੰ ਸੋਮਵਾਰ ਤੋਂ ਸ਼ਨੀਵਾਰ ਸਵੇਰੇ 8.30 ਵਜੇ ਤੋਂ ਦੁਪਹਿਰ 12.30 ਵਜੇ ਤੱਕ ਸਵੀਕਾਰ ਕੀਤਾ ਜਾਂਦਾ ਹੈ। ਕੇਵਲ ਵਸਨੀਕਾਂ ਤੋਂ। ਸਵੀਕਾਰ ਕਰਨ ਦੇ ਸਖ਼ਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਣੀ ਲਾਜ਼ਮੀ ਹੈ।

ਆਪਣੇ ਲੋਡ ਨੂੰ ਇੱਥੇ ਲਿਆਉਣ ਤੋਂ ਪਹਿਲਾਂ, ਇਸ ਵੈੱਬਸਾਈਟ 'ਤੇ ਜਾਓ
**www.armadale.wa.gov.au/asbestos-disposal**

ਫ਼ੀਸਾਂ ਅਤੇ ਖ਼ਰਚਿਆਂ ਦੀ ਪੂਰੀ ਸੂਚੀ ਲਈ, ਸ਼ਹਿਰ ਦੀ ਕੌਂਸਲ ਦੀ ਵੈੱਬਸਾਈਟ 'ਤੇ ਜਾਓ।

### ਟ੍ਰੇਲਰ ਦਾ ਆਕਾਰ

6 x 4 ਟ੍ਰੇਲਰ (1.8m x 1.2m)




### ਮਲਚ

ਆਰਮਾਡੇਲ ਲੈਂਡਫਿਲ ਅਤੇ ਰੀਸਾਈਕਲਿੰਗ ਸਹੂਲਤ ਤੋਂ ਰੋਜ਼ਾਨਾ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਦੇ ਵਿਚਕਾਰ, ਦੋ ਢੁੱਕਵੇਂ ਪਹਿਚਾਣ-ਪੱਤਰ (ID) ਦਿਖਾਉਣ 'ਤੇ, ਸਿਟੀ ਆਫ਼ ਆਰਮਾਡੇਲ ਨਿਵਾਸੀਆਂ ਲਈ ਮਲਚ ਉਪਲਬਧ ਹੈ।

ਮਸ਼ੀਨ ਨਾਲ ਲੋਡਿੰਗ ਫ਼ੀਸ ਦਾ ਭੁਗਤਾਨ ਕਰਨ ਉਪਰੰਤ ਉਪਲਬਧ ਹੈ। ਪੈਨਸ਼ਨ ਕਾਰਡ ਧਾਰਕਾਂ ਲਈ ਮੰਗਲਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਮਸ਼ੀਨ ਲੋਡਿੰਗ ਮੁਫ਼ਤ ਹੁੰਦੀ ਹੈ। ਕਿਰਪਾ ਕਰਕੇ ਆਪਣਾ ਪੈਨਸ਼ਨ ਕਾਰਡ ਅਤੇ ਫ਼ੋਟੋ ID ਦਿਖਾਓ।



## ਕੂੜਾ ਛੱਡ ਕੇ ਜਾਣ ਵਾਲੇ ਕੇਂਦਰ



## ਅਡਾਪਟ-ਏ-ਸਪਾਟ (ਇੱਕ ਸਥਾਨ ਅਪਣਾਓ)

ਕਿਸੇ ਥਾਂ ਨੂੰ ਅਪਣਾਓ ਅਤੇ ਆਪਣੇ ਭਾਈਚਾਰੇ ਲਈ ਇਸਨੂੰ ਸਾਫ਼ ਰੱਖਣ ਵਿੱਚ ਸਹਾਇਤਾ ਕਰੋ।

**www.kabc.wa.gov.au/get-involved/adoptaspot 'ਤੇ ਹੋਰ ਜਾਣੋ**

## ਗ਼ੈਰ-ਕਾਨੂੰਨੀ ਸੁੱਟੇ ਜਾ ਰਹੇ ਕੂੜੇ (ਡੰਪਿੰਗ) ਦੀ ਰਿਪੋਰਟ ਕਰੋ

ਜੇਕਰ ਤੁਸੀਂ ਕੂੜੇ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਸੁੱਟੇ ਜਾਂਦੇ ਦੇਖਦੇ ਹੋ, ਤਾਂ ਕਿਰਪਾ ਕਰਕੇ ਸਿਟੀ ਨੂੰ **9394 5000** 'ਤੇ ਸੰਪਰਕ ਕਰੋ ਜਾਂ **info@armadale.wa.gov.au** 'ਤੇ ਈਮੇਲ ਕਰੋ




## ਬਹੁਤ ਵਧੀਆ ਛਾਂਟੀ ਕਰਨ ਵਾਲੇ ਬਣੋ!

ਲੈਂਡਫਿਲ ਆਖਰੀ ਉਪਾਅ ਹੈ।

ਇਹ ਪ੍ਰਕਾਸ਼ਨ ਡਿਜ਼ੀਟਲ ਫਾਰਮੈਟ ਵਿੱਚ ਉਪਲਬਧ ਹੈ ਅਤੇ ਈਮੇਲ ਦੁਆਰਾ ਜਾਰੀ ਕੀਤਾ ਜਾ ਸਕਦਾ ਹੈ ਜਾਂ ਸਾਡੀ ਵੈੱਬਸਾਈਟ 'ਤੇ ਪਾਇਆ ਜਾ ਸਕਦਾ ਹੈ।

ਉਪਲਬਧ ਵਿਕਲਪਿਕ ਫਾਰਮੈਟਾਂ ਵਿੱਚ ਆਡੀਓ, ਵੱਡੇ ਅੱਖਰਾਂ ਵਿੱਚ ਛਪਾਈ, ਬ੍ਰੇਲ, ਪੰਜਾਬੀ, ਤਾਮਿਲ, ਮੈਂਡਰਿਨ ਅਤੇ ਮਲਿਆਲਮ ਭਾਸ਼ਾਵਾਂ ਸ਼ਾਮਲ ਹਨ।

ਹੋਰ ਜਾਣਕਾਰੀ ਲਈ ਜਾਂ ਕਿਸੇ ਵਿਕਲਪਿਕ ਫਾਰਮੈਟ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ info@armadale.wa.gov.au 'ਤੇ ਈਮੇਲ ਕਰੋ

100% ਰੀਸਾਈਕਲ ਕੀਤੇ ਕਾਗਜ਼ 'ਤੇ ਛਾਪਿਆ ਗਿਆ ਹੈ।

ਜਦੋਂ ਤੁਸੀਂ ਮੈਨੂੰ ਪੂਰਾ ਪੜ੍ਹ ਲੈਂਦੇ ਹੋ ਤਾਂ ਕਿਰਪਾ ਕਰਕੇ ਚੁੰਬਕ ਨੂੰ ਹਟਾਓ ਅਤੇ ਆਪਣੇ ਪੀਲੇ ਢੱਕਣ ਵਾਲੇ ਰੀਸਾਈਕਲਿੰਗ ਕੂੜੇਦਾਨ ਵਿੱਚ ਰੱਖੋ।

RECYCLED
Paper made from recycled material
FSC® C111891

**armadale.wa.gov.au**
(08) 9394 5000 | info@armadale.wa.gov.au
ਛਪਾਈ ਦੇ ਸਮੇਂ ਤੱਕ ਸਾਰੀ ਜਾਣਕਾਰੀ ਸਹੀ ਹੈ: 18 ਨਵੰਬਰ 2024

GOVERNMENT OF WESTERN AUSTRALIA
WasteSorted — A Waste Authority Program
CITY OF Armadale